# ਸਭਿਆਚਾਰ ਤੇ ਸਾਹਿਤ

ਪ੍ਰਸ਼ਨ :- 'ਸਭਿਆਚਾਰ ਤੇ ਸਾਹਿਤ' ਨਿਬੰਧ ਦਾ ਸਾਰ ਲਿਖੋ?

ਉੱਤਰ :- (1.) **ਸਮਾਜ ਦੀ ਉੱਤਮ ਪ੍ਰਾਪਤੀ** :- ਸਭਿਆਚਾਰ ਨੂੰ ਕਿਸੇ ਵੀ ਸਮਾਜ ਦੀ ਉੱਤਮ ਪ੍ਰਾਪਤੀ ਮੰਨਿਆ ਜਾਂਦਾ ਹੈ। ਸਭਿਆਚਾਰ ਰਾਹੀਂ ਮਨੁੱਖ ਦੀ ਪ੍ਰਕਿਰਤੀ ਤੋਂ ਸਮਾਜ ਵਿਚ ਤਬਦੀਲ ਹੁੰਦੀ ਹੈ, ਜਿਸ ਰਾਹੀਂ ਜਨ ਸਮੂਹ ਮਰਿਆਦਾਬੱਧ ਰੂਪ ਵਿਚ ਆਪਣਾ ਜੀਵਨ ਨਿਭਾਉਂਦਾ ਹੈ। ਇਸ ਕਰਕੇ ਵਿਦਵਾਨਾਂ ਨੇ ਇਸਨੂੰ ਜਿਉਣ ਦੀ ਇਕ ਵਿਧੀ ਦੇ ਰੂਪ ਵਿਚ ਪਰਿਭਾਸ਼ਿਤ ਕੀਤਾ ਹੈ। ਸਭਿਆਚਾਰ ਵਿਚ ਲੌਕਿਕ ਜੀਵਨ ਦੇ ਉਹ ਸਾਰੇ ਪ੍ਰਤੱਖ-ਅਪ੍ਰਤੱਖ ਵਿਵੇਕਸ਼ੀਲ ਤੇ ਵਿਵੇਕਹੀਨ ਵਰਤਾਰੇ ਸ਼ਾਮਿਲ ਹੁੰਦੇ ਹਨ। ਇਹੋ ਕਾਰਨ ਹੈ ਕਿ ਇਸ ਪ੍ਰਵਾਹ ਦੇ ਸੰਪੂਰਨ ਪੱਖ ਜਾਂ ਖ਼ਤਮ ਹੋਣ ਦੀ ਕੁੰਜੀ ਉਦਾਸੀ ਹੈ।

(2.) **ਪ੍ਰਗਟਾ ਦੇ ਮਾਧਿਅਮ** :- ਸਭਿਆਚਾਰ ਦੀ ਬਹੁਪੱਖ ਤੇ ਜਟਿਲ ਹੋਂਦ ਭਿੰਨ-ਭਿੰਨ ਰੂਪਾਂ ਤੇ ਮਾਧਿਅਮਾਂ ਨਾਲ ਆਪਣਾ ਪ੍ਰਗਟਾ ਕਰਦੀ ਹਾਂ। ਸਭਿਆਚਾਰਕ ਪ੍ਰਗਟਾਵੇ ਦੇ ਇਨ੍ਹਾਂ ਸਮੂਹ ਮਾਧਿਅਮਾਂ ਨੂੰ ਸਮੁੱਚੇ ਰੂਪ ਵਿਚ ਭਾਸ਼ਾਈ ਤੇ ਗੈਰ-ਭਾਸ਼ਾਈ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ। ਲੋਕਯਾਨ ਦੇ ਕੁੱਝ ਰੂਪ ਭਾਸ਼ਾਈ ਤੇ ਕੁਝ ਨਹੀਂ।

ਸਭਿਆਚਾਰਾਂ ਦੇ ਇਨ੍ਹਾਂ ਸਾਰੇ ਅਧਿਆਵਾਂ ਵਿਚ ਸਾਹਿਤ ਹੀ ਕਲਾ-ਖੇਤਰ ਦਾ ਇਕ ਅਜਿਹਾ ਸ਼ੌਕ, ਸੁਤੰਤਰ ਪ੍ਰਗਟਾ ਹੈ, ਜੋ ਮਨੁੱਖ ਦੇ ਕੇਵਲ ਸੁਹਜ ਤੱਥ ਦੀ ਹੀ ਤ੍ਰਿਪਤੀ ਨਹੀਂ ਕਰਦਾ, ਸਗੋਂ ਉਸਨੂੰ ਸਭਿਆਚਾਰਕ ਤੌਰ ਤੇ ਜਾਗ੍ਰਿਤ ਕਰ ਕੇ ਸੂਝ ਭਰੀ ਜਾਣਕਾਰੀ ਪ੍ਰਦਾਨ ਕਰਦਾ ਹੈ।

**(3.) ਸਭਿਆਚਾਰ, ਸਭਿਅਤਾ :-** ਸਭਿਆਚਾਰ ਆਪਣੇ ਸੁਭਾ ਕਾਰਨ ਅੰਤਰ ਮੁਖੀ ਪਰ ਸਭਿਅਤਾ ਬਾਹਰ-ਮੁਖੀ ਹੁੰਦੀ ਹੈ। ਸਭਿਆਚਾਰ, ਸਭਿਅਤਾ ਨਾਲੋਂ ਸੂਖਮ ਵਸਤੂ ਹੁੰਦੀ ਹੈ। ਕੋਈ ਕੌਮ ਸਭਿਅਤਾ ਦੀ ਉਸਾਰੀ ਤੇ ਜਿੰਨੀ ਵਧੇਰੇ ਤਰੱਕੀ ਕਰਦੀ ਹੈ, ਉਸਦਾ ਸਭਿਆਚਾਰ ਵੀ ਉਨੀਂ ਹੀ ਕਰਦਾ ਹੈ।

**(4.) ਫੋਕ-ਸਾਜ਼ ਤੇ ਫੋਕ-ਸਾਹਿਤ :-** ਫੋਕ ਸਾਜ਼ ਸਭਿਆਚਾਰ ਦਾ ਇਕ ਵਿਸ਼ੇਸ਼ ਅੰਗ ਹੈ ਤੇ ਅੱਗੋਂ ਫੋਕ-ਸਾਹਿਤ ਫੋਕ ਸਾਜ਼ ਦਾ ਇਕ ਮਹੱਤਵਪੂਰਨ ਭਾਗ ਹੈ। ਕੋਈ ਵੀ ਸਾਹਿਤ ਫੋਕ ਸਾਜ਼ ਦੀ ਵਿਸ਼ਾਲ ਸੰਮਗਰੀ ਦੀ ਸਿੱਧੀ ਜਾਂ ਅਸਿੱਧੀ ਵਰਤੋਂ ਤੋਂ ਬਿਨਾਂ ਹੋਂਦ ਵਿਚ ਨਹੀਂ ਆ ਸਕਦਾ।

**(5.) ਸਾਹਿਤ ਅਤੇ ਫੋਕ-ਸਾਹਿਤ :-** ਸਾਹਿਤ ਵਾਂਗ ਫੋਕ ਸਾਹਿਤ ਵੀ ਸਭਿਆਚਾਰ ਦਾ ਇਕ ਮਹੱਤਵਪੂਰਨ ਕਿਰਿਆਸ਼ੀਲ ਭਾਗ ਹੈ, ਪਰ ਦੋਹਾਂ ਵਿਚ ਫ਼ਰਕ ਹੈ। ਇਨ੍ਹਾਂ ਵਿਚ ਪਹਿਲਾ ਫ਼ਰਕ ਇਹ ਹੈ ਕਿ ਸਾਹਿਤ ਦੀ ਸਿਰਜਣਾ ਕੋਈ ਇਕ ਵਿਅਕਤੀ ਕਰਦਾ ਹੈ, ਜਦਕਿ ਫੋਕ-ਸਾਹਿਤ

ਦੀ ਸਿਰਜਣਾ ਲੋਕਾਂ ਵਲੋਂ ਸਾਮੂਹਿਕ ਹੈ। ਸਾਹਿਤ ਦਾ ਸੰਚਾਰ ਭਾਸ਼ਾ ਦੇ ਲਿਖਤੀ ਰੂਪ ਵਿਚ ਹੁੰਦਾ ਹੈ, ਪਰੰਤੂ ਲੋਕ ਸਾਹਿਤ ਦੀ ਪਰੰਪਰਾ ਪੀੜ੍ਹੀ ਦਰ ਪੀੜ੍ਹੀ ਚਲਦੀ ਹੈ, ਜਿਸ ਕਾਰਨ ਇਸ ਵਿਚ ਰਲਾ ਪੈਂਦਾ ਰਹਿੰਦਾ ਹੈ। ਇਸਦੇ ਬਾਵਜੂਦ ਲੋਕ-ਸਾਹਿਤ ਵਿਸ਼ਿਸ਼ਟ ਸਾਹਿਤ ਦਾ ਸਥਾਨ ਨਹੀਂ ਲੈ ਸਕਦਾ, ਕਿਉਂਕਿ ਲੋਕ-ਜੀਵਨ ਨੂੰ ਸਮਾਜਿਕ, ਸਭਿਆਚਾਰਕ ਤੇ ਆਰਥਿਕ ਪ੍ਰਸੰਗ ਵਿਚ ਹੈ।

(6) ਸਮਾਜਿਕ ਦਸਤਾਵੇਜ਼: ਕਿਸੇ ਸਮੇਂ ਕਿਸੇ ਵੀ ਰਾਜ-ਪ੍ਰਬੰਧ ਉੱਤੇ ਰਚੀ ਗਈ ਸਾਹਿਤਕ ਕਿਰਤ ਵਿਸ਼ੇਸ਼ ਸਮਾਜਿਕ ਸਥਿਤੀ ਦੀ ਪੇਸ਼ਕਾਰੀ ਹੁੰਦੀ ਹੈ। ਇਸ ਕਰਕੇ ਰਚਨਾ ਨੂੰ ਸਾਂਸਕ੍ਰਿਤਕ ਸਿਰਜਣਾ ਦੇ ਰੂਪ ਵਿਚ ਸਥਾਪਿਤ ਕਰਨ ਉੱਤੇ ਹੀ ਬਲ ਦਿੱਤਾ ਜਾਂਦਾ ਹੈ। ਪੰਜਾਬੀ ਵਿਚ ਅਜਿਹੇ ਨਾਵਲਾਂ ਗਾਹੂ, ਕਈ, ਤਮਾਤ, ਮੜ੍ਹੀ ਕਈ ਤੇ ਕਿਸੱਗਾਰਾਮ ਹੋਏ ਹਨ, ਜਿਨ੍ਹਾਂ ਦੀਆਂ ਰਚਨਾਵਾਂ ਨੂੰ ਅਸੀਂ 'ਸਮਾਜਿਕ ਦਸਤਾਵੇਜ਼' ਦੇ ਰੂਪ ਵਿਚ ਮਾਨਤਾ ਦਿੰਦੇ ਹਾਂ। ਸਾਹਿਤਕ ਰੂਪਾਂਤਰਨ ਦੀ ਪ੍ਰਕਿਰਿਆ ਇਸ ਵਿਕਾਸ ਤੇ ਵਿਘਟਨ ਸਮਾਨੰਤਰ ਰੂਪ ਵਿਚ ਤਾਂ ਭਾਵੇਂ ਨਹੀਂ ਚਲਦੀ, ਪਰ ਇਸ ਦੇ ਜੋਸ਼ ਰੂਪ ਵਿਚ ਜ਼ਰੂਰ ਹੀ ਪ੍ਰਭਾਵਿਤ ਹੁੰਦਾ ਹੈ ਤੇ ਵਿਕਾਸ ਦਰ ਨੂੰ ਪ੍ਰਭਾਵਿਤ ਕਰਨ ਦੀ ਸਮੱਰਥਾ ਵੀ ਰੱਖਦੀ ਹੈ।

(7) ਸਮਾਜਿਕ ਮੁੱਲ ਵਿਧਾਨ ਤੇ ਕਦਰਾਂ-ਕੀਮਤਾਂ :

ਹਰ ਸਮਾਜ ਲੋਕ-ਜੀਵਨ ਦੀ ਸਭਿਆਚਾਰਕ ਤੇ ਸਭਿਆਚਾਰਕ ਰੂਪ ਵਿਚ ਪਨਪਦੇ ਤੇ ਫਲਦੀ ਇਕ ਨਿਸ਼ਚਿਤ ਮੁੱਲ-ਵਿਧਾਨ ਤੇ ਕਦਰਾਂ-ਕੀਮਤਾਂ ਦਾ ਨਿਰਮਾਣ ਕਰਦਾ ਹੈ। ਪ੍ਰਣਾਲੀ ਹੋਣ, ਤੇ ਸਭਿਆਚਾਰ ਨਿਸ਼ਚਿਤ ਸਾਰੀ ਕਦਰਾਂ-ਕੀਮਤਾਂ ਦਾ ਹੀ ਪ੍ਰਬੰਧ ਹੈ। ਇਸ ਕਰਕੇ ਇਹ ਗੱਲ ਸੁਭਾਵਿਕ ਹੈ ਕਿ ਇਸ ਪ੍ਰਬੰਧ ਦੀ ਸਿਰਜਣਾ ਲੋਕ ਜਿਤਨੀ ਦ੍ਰਿਸ਼ਟੀਕੋਣ ਤੋਂ ਕੀਤੀ ਜਾਂਦੀ ਹੈ। ਅਜਿਹੇ ਸਮੇਂ ਸਾਹਿਤਕਾਰ ਦੀ ਭੂਮਿਕਾ ਹੋਰ ਵੀ ਮਹੱਤਵਪੂਰਨ ਹੋ ਜਾਂਦੀ ਹੈ। ਅਜਿਹਾਂ ਤਾਂ ਹੀ ਸੰਭਵ ਹੈ, ਜੇਕਰ ਸਾਹਿਤਕਾਰ ਨੂੰ ਸਾਹਿਤ ਸਿਰਜਣਾ ਸਮੇਂ ਸਭਿਆਚਾਰਕ ਪ੍ਰਸੰਗ ਨੂੰ ਅੱਖੋਂ ਓਹਲੇ ਨਹੀਂ ਕਰਨਾ ਚਾਹੀਦਾ, ਸਗੋਂ ਆਲੋਚਕ ਨੂੰ ਵੀ ਚਾਹੀਦਾ ਹੈ ਕਿ ਉਹ ਸਾਹਿਤਕ ਕਿਰਤਾਂ ਵਿਚੋਂ ਲੋਕ-ਧਾਰਕ ਅਧਿਐਨ ਕਰੇ।

(8) ਮਨ-ਪ੍ਰਸੰਗੀ ਤਰੀਕਤ :- ਇਹ ਇਕ ਮਨੋ-ਪ੍ਰਸੰਗੀ ਤਰੀਕਤ ਹੈ ਕਿ ਸਾਹਿਤ ਵਿਚ ਅਜਿਹੇ ਸਭਿਆਚਾਰਕ ਸੰਦਰਭ ਉਵੇਂ ਹੀ ਉਭਰਦੇ ਹਨ, ਸਹੀ ਪ੍ਰਕਾਰ ਦੀ ਦ੍ਰਿਸ਼ਟੀ ਲੋਕ ਜੀਵਨ ਵਿਚ ਵਿਚਰਦੇ ਉਨ੍ਹਾਂ ਸਾਧਾਰਨ ਲੋਕਾਂ ਉੱਤੇ ਕੇਂਦ੍ਰਿਤ ਹੋਵੇ, ਜਿਨ੍ਹਾਂ ਨੂੰ ਸਮਾਜ ਵਿਚ ਅਨੇਕ ਕਾਰਨਾਂ ਕਰਕੇ ਅਣਗੌਲਿਆਂ ਗਿਆ ਕੀਤਾ ਹੈ।

ਮਾਪਲਾਂ ਦੀ ਸਮਾਜੀ ਵਿਚ ਰਹਿਨ ਇਕ ਫੇਰ ਆਲੋਚਕ ਦ੍ਰਿਸ਼ਟੀ ਤੋਂ ਵੇਖੇ ਲਿਖਣ ਹੁੰਦੇ ਹਨ ਕਿ ਜੋ ਪ੍ਰਕਾਸ਼ ਦੇ ਸਭਿਆਚਾਰਕ ਪਰਛਾਵੇਂ ਨੂੰ ਉਭਾਰਦੇ ਹੋਏ ਵਰਤ ਨੂੰ ਪੇਸ਼ ਕਰ ਰਹੇ ਹੁੰਦੇ ਹਨ। ਆਧੁਨਿਕ ਪੰਜਾਬੀ ਕਵਿਤਾ ਵਿਚ ਅਨੇਕਾਂ ਅਜਿਹੇ ਕਵੀ ਹਨ, ਜਿਨ੍ਹਾਂ ਨੇ ਸਾਹਿਤ ਦੀ ਇਸ ਵਿਧਾ ਨੂੰ ਆਪਣੀਆਂ ਰਚਨਾਵਾਂ ਵਿਚ ਪ੍ਰਭਾਵਸ਼ਾਲੀ ਤਰੀਕੇ ਨਾਲ ਪੇਸ਼ ਕੀਤਾ ਹੈ। ਇਨ੍ਹਾਂ ਵਿਚ ਸੁਰਜੀਤ ਪਾਤਰ ਤੇ ਪਾਸ਼ ਦੇ ਨਾਂ ਉੱਘੇ ਹਨ।

1.) ਪਾਤਰ ਤੇ ਪਾਸ਼ :- ਪਾਤਰ ਨੇ ਫੇਰ ਜੀਵਨ ਦੇ ਜਟਿਲ ਸਭਿਆਚਾਰਕ ਰੰਗਾਂ, ਤੀਵੀਆਂ ਤੇ ਘਟਨਾਂ ਨੂੰ ਬਹੁਤ ਹੀ ਸਹਿਜ ਰੂਪ ਵਿਚ ਕਵਿਤਾਵਾਂ ਰਾਹੀਂ ਪੇਸ਼ ਕੀਤਾ ਗਿਆ ਹੈ। ਉਸਨੇ ਸਮਾਜਿਕ ਕ੍ਰਾਂਤੀ ਦੀ ਗੱਲ ਤਾਂ ਕੀਤੀ ਹੈ, ਪਰ ਉਹ ਕਿਸੇ ਕ੍ਰਾਂਤੀਕਾਰੀ ਵਿਚਾਰਧਾਰਾ ਨਾਲ ਨਹੀਂ ਜੁੜਿਆ। ਉਹ ਸਮਾਜ ਦੇ ਉਨ੍ਹਾਂ ਤਾਰਾਂ ਵਿਚ ਇਨਕਲਾਬੀ ਚੇਤਨਾ ਦਾ ਪ੍ਰਸਾਰ ਕਰਨਾ ਚਾਹੁੰਦਾ ਹੈ, ਜਿਨ੍ਹਾਂ ਨੂੰ ਆਪਣੀ ਹੋਂਦ ਜਾਣਦਾ ਹੈ ਆਰਥਿਕ ਤੇ ਸਮਾਜਿਕ ਮਜਬੂਰੀ ਦੇ ਕਾਰਨਾਂ ਤਰ ਦਾ ਸ਼ਿਕਾਰ ਨਹੀਂ। ਪਰ ਲੇਖਕ ਸਮੇਂ ਦੇ ਨਾਲ ਹੀ ਅੱਗੇ ਜਾਂਦੇ ਹਨ।

(10.) **ਪਰਵਾਸੀ ਸਭਿਆਚਾਰ ਤੇ ਸਾਹਿਤ** :-

ਪੰਜਾਬੀ ਸਭਿਆਚਾਰ ਤੇ ਸਾਹਿਤ ਦੇ ਪ੍ਰਸੰਗ ਵਿਚ ਇਕ ਹੋਰ ਵਿਸ਼ਿਸ਼ਟੀ ਤੋਂ ਸਭਿਆਚਾਰ ਤੇ ਸਾਹਿਤ ਤੇ ਸੰਬੰਧਾਂ ਨੂੰ ਪਛਾਣਨਾ ਜ਼ਰੂਰੀ ਹੈ। ਪਿਛਲੇ 20-25 ਸਾਲਾਂ ਤੋਂ ਪੰਜਾਬੀਆਂ ਦੇ ਵੱਡੀ ਪੱਧਰ ਤੇ ਵਿਦੇਸ਼ਾਂ ਵਿਚ ਜਾ ਕੇ ਵਸਣ ਨਾਲ ਇਕ ਵਿਸ਼ੇਸ਼ ਪ੍ਰਕਾਰ ਦੇ ਸਭਿਆਚਾਰਕ ਦਬਾਉ ਤੇ ਤਣਾਉ ਦਾ ਜਨਮ ਹੋਇਆ ਹੈ। ਇਹ ਸਮੱਸਿਆਵਾਂ ਪੰਜਾਬੀ ਤੇ ਪੱਛਮੀ ਸਭਿਆਚਾਰ ਦੇ ਸਭਿਆਚਾਰੀਕਰਨ ਵਿਚੋਂ ਪੈਦਾ ਹੋਈ ਹੈ। ਅਜਿਹੇ ਝਟਕੇ ਹੀ ਅੱਜ-ਕਲ੍ਹ ਪਰਵਾਸੀ ਪੰਜਾਬੀ ਪਰਿਵਾਰਾਂ ਨੂੰ ਸਹਿਣੇ ਪੈ ਰਹੇ ਹਨ ਜਿਵੇਂ ਸਭਿਆਚਾਰਕ ਝਟਕਾ ਆਦਿ।

(11.) **ਸਾਰ-ਅੰਸ਼** :- ਉਪਰੋਕਤ ਸਾਰੇ ਵਿਚਾਰ ਦਾ ਸਿੱਟਾ ਇਹ ਨਿਕਲਦਾ ਹੈ ਕਿ ਸਾਹਿਤ ਦਾ ਸਭਿਆਚਾਰ ਨਾਲ ਬਹੁਤ ਨੇੜਲਾ ਸੰਬੰਧ ਹੈ। ਸਭਿਆਚਾਰ ਦੇ ਸਾਹਿਤਕ ਰੁਪਾਂਤਰਨ ਦੀ ਜਟਿਲ ਪ੍ਰਕਿਰਿਆ ਨੂੰ ਹੀ ਸਭਿਆਚਾਰਕ ਸੰਦਰਭਾਂ ਵਿਚ ਹੀ ਸਮਝਿਆ ਜਾ ਸਕਦਾ ਹੈ।

---